ਸ਼੍ਰੇਣੀ-ਬਾਰ੍ਹਵੀਂ

ਚੋਣਵੀਂ ਪੰਜਾਬੀ

ਨਮੂਨਾ ਪ੍ਰਸ਼ਨ-ਪੱਤਰ (2025-26)

ਸਮਾਂ: 3 ਘੰਟੇ ਕੁੱਲ ਅੰਕ: 80

**(1)** ਪ੍ਰਸ਼ਨ-ਪੱਤਰ ਦੇ ਕੁੱਲ **8** ਪ੍ਰਸ਼ਨ ਹਨ।

**(2)** ਸਾਰੇ ਪ੍ਰਸ਼ਨ ਜ਼ਰੂਰੀ ਹਨ।

**(3)** ਵਸਤੂਨਿਸਠ ਪ੍ਰਸ਼ਨਾਂ ਦੇ ਚਾਰ ਭਾਗ (ੳ) (ਅ) (ੲ) ਅਤੇ (ਸ) ਹਨ। ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ।

**ਪ੍ਰਸ਼ਨ 1.** ਵਸਤੂਨਿਸ਼ਠ ਪ੍ਰਸ਼ਨ: 20x1=20

ਭਾਗ (**ੳ**) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ:

1. ਸ਼ੇਖ਼ ਫ਼ਰੀਦ ਜੀ ਕਿਹੜੀ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹਨ ?
2. 'ਮੱਧ-ਕਾਲੀਨ ਪੰਜਾਬੀ-ਕਾਵਿ ( ਝਲਕਾਂ ਤੇ ਇਤਿਹਾਸ)' ਪਾਠ-ਪੁਸਤਕ ਵਿੱਚ ਦਰਜ ਸ੍ਰੀ ਗੁਰੂ ਅਮਰਦਾਸ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਲਿਖੋ।
3. ਗੁਰਬਖ਼ਸ਼ ਸਿੰਘ ਅਨੁਸਾਰ ਦੁਨੀਆਂ ਦਾ ਸਭ ਤੋਂ ਸਾਫ਼ ਮੁਲਕ ਕਿਹੜਾ ਹੈ ?
4. ਕਿਸ ਆਲੋਚਕ ਨੇ ਨਾਵਲ ਨੂੰ 'ਰੋਜ਼ਨਾਮਚਾ' ਕਿਹਾ ਹੈ ?
5. ਉਪਮਾ ਅਲੰਕਾਰ ਵਿੱਚ ਕਿੰਨੇ ਤੱਤਾਂ ਦਾ ਇਕੱਠੇ ਹੋਣਾ ਜ਼ਰੂਰੀ ਹੈ?

ਭਾਗ (ਅ) ਬਹੁ-ਚੋਣਵੇਂ ਪ੍ਰਸ਼ਨ:

1. ਦੁਨੀਆਂ ਕਿਸ ਪ੍ਰੀਤ ਨਾਇਕਾ ਨੂੰ ਨਿੰਦਦੀ ਰਹੀ ਹੈ ?

   (ੳ) ਲੈਲਾ ਨੂੰ (ਅ) ਸ਼ੀਰੀ ਨੂੰ (ੲ) ਸਾਹਿਬਾਂ ਨੂੰ (ਸ) ਸੋਹਣੀ ਨੂੰ

2. 'ਨਿਮਾਣਿਆਂ ਦੀ ਰੱਬਾ ਰੱਬਾ ਹੋਈ' ਕਾਫ਼ੀ ਵਿੱਚ 'ਰੱਬਾ ਰੱਬਾ ਹੋਈ' ਤੋਂ ਕੀ ਭਾਵ ਹੈ?

   (ੳ) ਤੋਬਾ-ਤੋਬਾ ਹੋਈ (ਅ) ਜੈ-ਜੈਕਾਰ ਹੋਈ

   (ੲ) ਬੱਲੇ-ਬੱਲੇ ਹੋਈ (ਸ) ਚੰਗਾ-ਚੰਗਾ ਹੋਈ

3. ਦਾਰਾ ਸਿੰਘ ਨੇ ਆਪਣਾ ਸੈਕਟਰੀ ਕਿਸਨੂੰ ਬਣਾਇਆ ?

(ੳ) ਰਾਮ ਸਿੰਘ ਨੂੰ (ਅ) ਲਲਿਤ ਭਾਈ ਨੂੰ

(ੲ) ਬਾਬੂ ਭਾਈ ਮਿਸਤਰੀ ਨੂੰ (ਸ) ਦਰਸ਼ਨ ਨੂੰ

4. ਚੌਪਈ ਛੰਦ ਦੀ ਇੱਕ ਤੁਕ ਵਿੱਚ ਕਿੰਨੀਆਂ ਮਾਤਰਾਂ ਹੁੰਦੀਆਂ ਹਨ?

(ੳ) 12 ਜਾਂ 13 (ਅ) 13 ਜਾਂ 14

(ੲ) 14 ਜਾਂ 15 (ਸ) 15 ਜਾਂ 16

5. ਨਾਟਕ ਦੇ ਰਚਨਾਤਮਿਕ ਸੰਦਰਭ ਵਿੱਚ ਕਿੰਨੀਆਂ ਏਕਤਾਵਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਹੈ?

(ੳ) ਤਿੰਨ (ਅ) ਚਾਰ

(ੲ) ਪੰਜ (ਸ) ਛੇ

ਭਾਗ (ੲ) ਹੇਠ ਲਿਖੇ ਕਥਨਾਂ ਵਿੱਚੋਂ ਕਿਹੜੇ ਕਥਨ ਸਹੀ ਹਨ ਅਤੇ ਕਿਹੜੇ ਗ਼ਲਤ:

1. ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਿੱਸਾ 'ਮਿਰਜ਼ਾ-ਸਾਹਿਬਾਂ' ਦਮੋਦਰ ਦੀ ਰਚਨਾ ਹੈ।
2. 'ਚੰਡੀ ਦੀ ਵਾਰ' ਦੇ ਮੰਗਲਾਚਰਨ ਵਿੱਚ ਨੌਂ ਸਿੱਖ ਗੁਰੂ ਸਾਹਿਬਾਨ ਦਾ ਜ਼ਿਕਰ ਹੋਇਆ ਹੈ।
3. ਪ੍ਰਭਜੋਤ ਕੌਰ ਨੂੰ 'ਮੋਤੀਆ' ਨਾਂ ਬਹੁਤ ਪਸੰਦ ਸੀ।
4. 'ਸਫ਼ਰਨਾਮਾ' ਮਨੁੱਖ ਦੀ ਘੁਮੱਕੜ-ਮਨੋਬਿਰਤੀ ਦੀ ਪੈਦਾਵਾਰ ਹੈ।
5. ਦ੍ਰਿਸ਼ਟਾਂਤ ਅਲੰਕਾਰ ਇੱਕ ਸ਼ਬਦ ਅਲੰਕਾਰ ਹੈ।

ਭਾਗ (ਸ) ਖਾਲੀ ਥਾਂਵਾਂ ਭਰੋ:

1. ਪੂਰਨ ਸਿੰਘ ਲਈ ਐਬਟਾਬਾਦ ਇੱਕ ਨਵਾਂ..................ਸੀ।

2. ਗੁਰੂ ਅੰਗਦ ਦੇਵ ਜੀ ਦੇ ਕਥਨ 'ਹਉਮੈ............ਰੋਗੁ ਹੈ' ਨੂੰ ਪੂਰਾ ਕਰੋ।

3. ਰਾਂਝੇ ਨੇ ਜੋਗ ਲੈਣ ਲਈ ......................ਕੋਲ਼ ਬੇਨਤੀ ਕੀਤੀ।

4.ਰੌਦਰ ਰਸ ਦਾ ਸਥਾਈ ਭਾਵ......................ਹੈ।

5. ਜਿੱਥੇ ਨਾ ਪਹੁੰਚੇ ਰਵੀ, ਉੱਥੇ ਪਹੁੰਚੇ ...............।

ਪ੍ਰਸ਼ਨ 2. ਹੇਠ ਲਿਖੇ ਕਾਵਿ-ਅੰਸ਼ਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 2+5=7

ੳ. ਵੱਡੇ ਉੱਚੇ ਮਹਲ ਉਸਾਰਿਓ, ਗੋਰ ਨਿਮਾਣੀ ਘਰੁ ਵੋ|
ਜਿਸ ਦੇਹੀ ਤੂ ਮਾਣ ਕਰੇਨੈਂ, ਜਿਉਂ ਪਰਛਾਂਵੇਂ ਢਰੁ ਵੋ।
ਛੋੜ ਤ੍ਰਿਖਾਇ ਪਕੜਿ ਹਲੀਮੀ, ਭੈ ਸਾਹਿਬ ਥੀਂ ਡਰੁ ਵੋ।
ਕਹੇ ਹੁਸੈਨ ਹਯਾਤੀ ਲੋੜੇਂ, ਤਾ ਮਰਨ ਥੀਂ ਅਗੇ ਮਰ ਵੋ।

ਅ. ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।। ਤਉ ਮੂੜਾ ਕਹੁ ਕਹਾ ਕਰੇਇ॥
ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ।।

ਪ੍ਰਸ਼ਨ 3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ: 3

(ੳ) ਮੂੰਹ ਆਈ ਬਾਤ ਨਾ ਰਹਿੰਦੀ ਏ (ਬੁੱਲ੍ਹੇ ਸ਼ਾਹ)
(ਅ) ਨਾਵਣ ਚਲੇ ਤੀਰਥੀ (ਸ੍ਰੀ ਗੁਰੂ ਨਾਨਕ ਦੇਵ ਜੀ)

ਪ੍ਰਸ਼ਨ 4. ਸ੍ਰੀ ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਉੱਪਰ ਇੱਕ ਨੋਟ ਲਿਖੋ। 10

ਜਾਂ

ਪੰਜਾਬੀ ਕਿੱਸਾ-ਕਾਵਿ ਧਾਰਾ ਦੇ ਮੁੱਢ ਅਤੇ ਵਿਕਾਸ ਬਾਰੇ ਦੱਸੋ।

ਪ੍ਰਸ਼ਨ 5. ਪੈਰਾ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

**ਇਹਨਾਂ ਦਿਨਾਂ ਵਿੱਚ ਮੈਂ ਲੋਕ-ਧਾਰਾ ਸੰਕਲਪ ਤੇ ਇਸ ਖੇਤਰ ਨਾਲ ਸੰਬੰਧਿਤ ਪਰਿਭਾਸ਼ਿਕ ਸ਼ਬਦਾਂ ਨੂੰ ਸਮਝਣ, ਗਹਿਰਾਈ ਤੱਕ ਉੱਤਰਨ ਤੇ ਵਸਤੂ-ਅਧਿਐਨ ਤੋਂ ਇਲਾਵਾ ਢੇਰ ਸਾਰੀ ਸਮਗਰੀ ਵੀ ਲੋਕਾਂ ਤੋਂ ਇਕੱਠੀ ਕੀਤੀ । 'ਪੰਜਾਬੀ ਲੋਕ-ਧਾਰਾ ਵਿਸ਼ਵ-ਕੋਸ਼' ਦਾ ਆਦਿ ਵੀ ਇਹਨਾਂ ਦਿਨਾਂ ਵਿੱਚ ਹੋਇਆ। ਸਟੈਂਡਰਡ ਫ਼ੋਕਲੋਰ ਡਿਕਸ਼ਨਰੀ ਦੀਆਂ ਦੋਵੇਂ ਜਿਲਦਾਂ ਇਹਨੀਂ ਦਿਨੀਂ ਹੀ ਖ਼ਰੀਦ ਕੇ ਅਧਿਐਨ ਅਰੰਭਿਆ : ਇਹੋ ਕੋਸ਼ ਮੇਰਾ ਧਰਮ, ਮੇਰੀ ਪੂਜਾ, ਮੇਰਾ ਇਸ਼ਟ ਬਣ ਗਿਆ। ਲੋਕ-ਧਾਰਾ ਨੂੰ ਇਕੱਤਰ ਕਰਨ ਵਿੱਚ ਮੈਨੂੰ ਬਹੁਤੀ ਸਮਗਰੀ ਸ਼ਰਨਾਰਥੀਆਂ ਤੋਂ ਮਿਲ਼ੀ। ਉਦੋਂ ਮੈਂ ਦਿੱਲੀ ਵਿੱਚ ਸੀਤਾ ਰਾਮ ਬਜ਼ਾਰ ਦੇ ਪਿੱਛੇ, ਗਲੀ ਕਾਲੀ ਮਸਜਦ ਵਿੱਚ ਰਹਿੰਦਾ ਸੀ, ਜਿੱਥੇ ਪੱਛਮੀ ਪੰਜਾਬ ਦੇ ਭਿੰਨ-ਭਿੰਨ ਖੇਤਰਾਂ-ਧਨੀ ਪੋਠੋਹਾਰ, ਸ਼ਾਹਪੁਰ ਤੇ ਮੁਲਤਾਨ ਤੋਂ ਸ਼ਰਨਾਰਥੀ ਆ ਕੇ ਟਿਕੇ ਹੋਏ ਸਨ। ਇਹ ਸਾਰੇ ਲੋਕ ਪਿੰਡਾਂ ਵਿੱਚੋਂ ਆਏ ਹੋਣ ਕਰਕੇ ਲੋਕ-ਸੰਸਕ੍ਰਿਤੀ ਦੇ ਮੂਲ ਪ੍ਰਵਾਹ ਨਾਲ ਭਿੱਜੇ ਹੋਏ ਸਨ ਜਿਸ ਕਰਕੇ ਇਹਨਾਂ ਕੋਲੋਂ ਸਹਿਜੇ ਹੀ ਸੁੱਚੀ ਸਮਗਰੀ ਇਕੱਠੀ ਕੀਤੀ ਜਾ ਸਕਦੀ ਸੀ ਤੇ ਮੈਂ ਕੀਤੀ।**

(ੳ) ਉਪਰੋਕਤ ਪੈਰਾ ਕਿਹੜੇ ਸ੍ਵੈ-ਜੀਵਨੀ ਅੰਸ਼ ਵਿੱਚੋਂ ਲਿਆ ਗਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ? 1+1

(ਅ) ਸ਼ਰਨਾਰਥੀ ਕਿਹੜੇ ਮੁਲਕ ਵਿੱਚੋਂ ਆਏ ਸਨ? 1

(ੲ) ਲੇਖਕ ਨੇ ਕਿਹੜੇ ਕੋਸ਼ ਨੂੰ ਪੜ੍ਹਨਾ ਸ਼ੁਰੂ ਕੀਤਾ? 1

ਪ੍ਰਸ਼ਨ 6. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ: 5×4=20

(ੳ) ਐਬਟਾਬਾਦ ਦਾ ਜ਼ਿਕਰ ਕਰਦੇ ਹੋਏ ਲੇਖਕ ਨੇ ਨਾਂ ਰੱਖਣ ਦੀ ਮਹੱਤਤਾ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਅ) ਜੀਨੀ, ਮਨੂੰ ਅਤੇ ਜੱਨਤ ਨੂੰ ਅਮਰੀਕਾ ਵਿੱਚ ਕਿਉਂ ਨਹੀਂ ਪੜ੍ਹਾਉਣਾ ਚਾਹੁੰਦੀ ਸੀ ?

(ੲ) ਸਰਦਾਰਾ ਸਿੰਘ ਜੌਹਲ ਨੂੰ ਸਭ ਤੋਂ ਔਖਾ ਕੰਮ ਕਿਹੜਾ ਲੱਗਦਾ ਸੀ ਅਤੇ ਇਸ ਤੋਂ ਬਚਣ ਲਈ ਉਹ ਕੀ ਅਰਦਾਸ ਕਰਦਾ ਸੀ ?

(ਸ) ਫ਼ਿਲਮਾਂ ਵਿੱਚ ਦਾਰਾ ਸਿੰਘ ਦੀ ਮਸ਼ਹੂਰੀ ਵੇਖ ਕੇ ਕੁਸ਼ਤੀ-ਪ੍ਰੇਮੀਆਂ ਦਾ ਕੀ ਪ੍ਰਤਿਕਰਮ ਸੀ ?

(ਹ) ਪ੍ਰੋ. ਸਾਹਿਬ ਸਿੰਘ ਨੂੰ ਆਪਣੇ ਵਿਦਿਆਰਥੀ-ਜੀਵਨ ਵਿੱਚ ਕਿਸ ਪ੍ਰਕਾਰ ਦੀਆਂ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ ?ਸੰਖੇਪ ਵਿੱਚ ਦੱਸੋ।

(ਕ) ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ 'ਤੇ ਤਿਊੜੀ ਕਿਉਂ ਪੈ ਗਈ ਸੀ?

(ਖ) ਮੁਕਾਬਲੇ ਦੀ ਪਰੀਖਿਆ ਵਿੱਚ ਲੇਖਕ ਦੀ ਸਫਲਤਾ ਦਾ ਭੇਦ ਕੀ ਸੀ? 'ਤਖ਼ਤ ਜਾਂ ਤਖ਼ਤਾ' ਦੇ ਆਧਾਰ 'ਤੇ ਲਿਖੋ।

(ਗ) ਕੈਂਡੀ ਨੇ ਵਿਆਹ ਲਈ ਹਾਂ ਕਿਉਂ ਕਰ ਦਿੱਤੀ ?

ਪ੍ਰਸ਼ਨ 7. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਸਾਹਿਤ-ਰੂਪਾਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਉੱਪਰ ਨੋਟ ਲਿਖੋ: 2+4+1=7

(ੳ) ਕਵਿਤਾ

(ਅ) ਨਿਬੰਧ

(ੲ) ਨਿੱਕੀ ਕਹਾਣੀ

ਪ੍ਰਸ਼ਨ 8. ਹੇਠ ਲਿਖੇ ਭਾਗਾਂ 'ਤੇ ਉਦਾਹਰਨ ਸਹਿਤ ਨੋਟ ਲਿਖੋ: 3+3+3=9

(ੳ) ਕਬਿੱਤ ਛੰਦ ਜਾਂ ਦਵਈਆ ਛੰਦ

(ਅ) ਅਨੁਪ੍ਰਾਸ ਜਾਂ ਦ੍ਰਿਸ਼ਟਾਂਤ ਅਲੰਕਾਰ

(ੲ) ਕਰੁਣਾ ਰਸ ਜਾਂ ਸ਼ਾਂਤ ਰਸ